# ਦੋ ਰੋਜ਼ਾ ਫੁਟਬਾਲ ਟੂਰਨਾਮੈਂਟ ਅੱਜ

ਟ੍ਰਿਬਿਊਨ ਨਿਊਜ਼ ਸਰਵਿਸ

**ਚੰਡੀਗੜ੍ਹ, 15 ਜਨਵਰੀ**

ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਟਾਟਾ ਗਲੋਬਲ ਬੇਵਰੇਜਿਜ਼ ਵੱਲੋਂ 16 ਜਨਵਰੀ ਤੋਂ ਇਥੇ ਸੈਕਟਰ 17 ਦੇ ਫੁੱਟਬਾਲ ਗਰਾਊਂਡ 'ਚ ਦੋ ਰੋਜ਼ਾ ਫੁਟਬਾਲ ਟੂਰਨਾਮੈਂਟ ਕਰਾਇਆ ਜਾ ਰਿਹਾ ਹੈ। ਇਸ ਸਬੰਧੀ ਟਾਟਾ ਗਲੋਬਲ ਬੇਵਰੇਜਿਜ਼ ਦੇ ਖੇਤਰੀ ਪ੍ਰਧਾਨ (ਦੱਖਣੀ ਏਸ਼ੀਆ) ਮੰਜੀਵ ਸਰੀਨ ਨੇ ਦੱਸਿਆ ਕਿ ਭਾਰਤ 'ਚ ਅੰਡਰ-15 ਫੁਟਬਾਲ ਟੈਲੇਂਟ ਖੋਜ ਦੀ ਦੇਣ ਟਾਟਾ ਟੀਮ ਨੂੰ ਜਾਂਦੀ ਹੈ।

ਇਸ ਦੋ ਰੋਜ਼ਾ ਟੂਰਨਾਮੈਂਟ 'ਚ 32 ਸਕੂਲਾਂ ਦੇ 350 ਤੋਂ ਵੱਧ ਖਿਡਾਰੀ ਭਾਗ ਲੈਣਗੇ। ਇਸ ਟੂਰਨਾਮੈਂਟ 'ਚ ਜਿੱਤਣ ਵਾਲੀ ਟੀਮ ਸ਼ਿਲਾਂਗ 'ਚ ਹੋਣ ਵਾਲੀ ਰਾਸ਼ਟਰੀ ਚੈਂਪੀਅਨਸ਼ਿਪ ਲਈ ਦੇਸ਼ ਦੇ ਵੱਖ ਵੱਖ ਖੇਤਰਾਂ ਤੋਂ ਚੁਣੀਆਂ ਗਈਆਂ 14 ਹੋਰ ਟੀਮਾਂ ਨਾਲ ਭਿੜੇਗੀ। ਇਸ ਦੌਰਾਨ 16 ਬੱਚਿਆਂ ਨੂੰ ਚੁਣਿਆ ਜਾਵੇਗਾ ਜੋ ਇੰਟਰਨਲ ਯੂਥ ਫਰੈਂਡਲੀ ਟੂਰਨਾਮੈਂਟ 'ਚ ਭਾਰਤੀ ਦੀ ਅਗਵਾਈ ਕਰਨਗੇ।